a2zpapers.com

Roll No. ..................

**042**

[Maps of India and World]

Total No. of Questions : 8]

[Total No. of Printed Pages : 8

**SS**

**2087**

**ਸਲਾਨਾ ਪਰੀਖਿਆ ਪ੍ਰਣਾਲੀ**

**GEOGRAPHY (Theory)**

**(Common for Hum., Science and Agriculture Groups)**

**(Punjabi, Hindi and English Versions)**

**(Evening Session)**

Time allowed : Three hours

Maximum marks : 70

**(Punjabi Version)**

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿਚ ਵਿਸ਼ਾ-ਕੋਡ/ਪੇਪਰ-ਕੋਡ 042 ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(v) ਪ੍ਰਸ਼ਨ ਨੰ. 1 ਦੇ 8 ਉਪ ਭਾਗ ਹਨ । ਇਨ੍ਹਾਂ ਦੇ ਉੱਤਰ ਇੱਕ ਸ਼ਬਦ ਤੋਂ ਇੱਕ ਵਾਕ ਵਿਚ ਦਿਉ । ਹਰੇਕ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ ।

(vi) ਪ੍ਰਸ਼ਨ ਨੰ. 2 ਦੇ ਅੱਠ ਉਪ ਭਾਗ ਹਨ । ਹਰੇਕ ਉਪ ਭਾਗ 2 ਅੰਕਾਂ ਦਾ ਹੈ । ਉੱਤਰ ਦੀ ਲੰਬਾਈ 2 ਤੋਂ 3 ਵਾਕਾਂ ਵਿਚ ਹੋਵੇਗੀ ।

(vii) ਪ੍ਰਸ਼ਨ ਨੰ. 3 ਦੇ ਅੱਠ ਉਪ ਭਾਗ ਹਨ । ਇਨ੍ਹਾਂ ਵਿਚੋਂ ਕੋਈ ਪੰਜ ਪ੍ਰਸ਼ਨਾਂ ਦੇ ਉੱਤਰ 60 ਤੋਂ 80 ਸ਼ਬਦਾਂ ਵਿਚ ਦਿਉ । ਹਰ ਪ੍ਰਸ਼ਨ 4 ਅੰਕਾਂ ਦਾ ਹੋਵੇਗਾ ।

(viii) ਪ੍ਰਸ਼ਨ ਨੰ. 4 ਤੋਂ 6 ਅੰਦਰੂਨੀ ਛੋਟ ਵਾਲੇ ਪ੍ਰਸ਼ਨ ਹਨ । ਹਰ ਪ੍ਰਸ਼ਨ 6 ਅੰਕਾਂ ਦਾ ਹੈ । ਇਹਨਾਂ ਦਾ ਉੱਤਰ 150 ਤੋਂ 250 ਸ਼ਬਦਾਂ ਵਿਚ ਦਿਉ ।

(ix) ਪ੍ਰਸ਼ਨ ਨੰ. 7 ਅਤੇ 8 ਭਾਰਤ ਅਤੇ ਸੰਸਾਰ ਦੇ ਨਕਸ਼ਿਆਂ ਨਾਲ ਸੰਬੰਧਿਤ ਹਨ । ਇਹਨਾਂ ਦੇ ਨਕਸ਼ੇ ਨਾਲ ਨੱਥੀ ਹਨ ।

(x) ਵਿਦਿਆਰਥੀ ਭਾਰਤ ਅਤੇ ਸੰਸਾਰ ਦੇ ਸਟੈਂਸਿਲਜ਼ ਵਰਤ ਸਕਦੇ ਹਨ ।

1. ਹੇਠ ਲਿਖੇ ਸਾਰੇ ਪ੍ਰਸ਼ਨ ਜ਼ਰੂਰੀ ਹਨ, ਉੱਤਰ ਕੁਝ ਕੁ ਸ਼ਬਦਾਂ ਵਿਚ ਦਿਓ :

(ੳ) ਇਨ੍ਹਾਂ ਵਿਚੋਂ ਆਵਾਜਾਈ ਦਾ ਸਭ ਤੋਂ ਮਹਿੰਗਾ ਸਾਧਨ ਕਿਹੜਾ ਹੈ ?

(i) ਰੇਲ ਮਾਰਗ (ii) ਸੜਕ ਮਾਰਗ (iii) ਹਵਾਈ ਮਾਰਗ (iv) ਜਲ ਮਾਰਗ 1

(ਅ) ਭਾਰਤ ਵਿਚ ਕਪੜਾ ਬੁਣਨ ਦੀ ਕਲਾ ਇਨ੍ਹਾਂ ਵਿਚੋਂ ਕੌਣ ਲਿਆਇਆ ?

(i) ਆਰੀਆ ਲੋਕ (ii) ਮੁਗ਼ਲ (iii) ਮੰਗੋਲ (iv) ਇਨ੍ਹਾਂ ਵਿਚੋਂ ਕੋਈ ਨਹੀਂ 1



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



(ੲ) ਗੰਨੇ ਦੀ ਖੇਤੀ ਲਈ ਕਿਹੋ ਜਿਹੇ ਤਾਪਮਾਨ ਦੀ ਲੋੜ ਹੁੰਦੀ ਹੈ ? 1

(ਸ) ਆਰਥਿਕ ਭੂਗੋਲ, ਭੂਗੋਲ ਦੀ ਕਿਹੜੀ ਸ਼ਾਖ ਨਾਲ ਸੰਬੰਧਤ ਹੈ ? 1

(ਹ) ਪੈਟਰੋਲੀਅਮ ਕਿਹੋ ਜਿਹਾ ਸੋਨਾ ਅਖਵਾਉਂਦਾ ਹੈ ? 1

(ਕ) ਸੰਸਾਰ ਵਿੱਚ ਸਭ ਤੋਂ ਵੱਧ ਮੱਛੀਆਂ ਫੜਨ (ਉਤਪਾਦਨ ਕਰਨ) ਵਾਲਾ ਦੇਸ਼ ਕਿਹੜਾ ਹੈ ? 1

(ਖ) ਸ਼ਕਤੀ (ਊਰਜਾ) ਦੇ ਮੁੱਖ ਸੋਮੇ ਕਿਹੜੇ-ਕਿਹੜੇ ਹਨ ? 1

(ਗ) ਟਾਟਾ ਆਇਰਨ ਐਂਡ ਸਟੀਲ ਕੰਪਨੀ ਦਾ ਕਾਰਖਾਨਾ ਕਿੱਥੇ ਸਥਿਤ ਹੈ ? 1

2. ਹੇਠ ਲਿਖੇ ਸਾਰੇ ਪ੍ਰਸ਼ਨ ਜ਼ਰੂਰੀ ਹਨ, ਉੱਤਰ 30 ਕੁ ਸ਼ਬਦਾਂ ਵਿਚ ਦਿਓ :

(ੳ) ਮੱਛੀ ਖੇਤਰ ਕੀ ਹੁੰਦੇ ਹਨ ? 2

(ਅ) ਕੱਚੇ ਲੋਹੇ ਦੀਆਂ ਕਿਸਮਾਂ ਦੇ ਨਾਂ ਲਿਖੋ । 2

(ੲ) ਸੰਸਾਰ ਦੇ ਘੱਟ ਵਸੋਂ ਖੇਤਰ ਕਿਹੜੇ-ਕਿਹੜੇ ਹਨ ? 2

(ਸ) ਅਮੁੱਕ ਸੋਮਿਆ ਤੋਂ ਕੀ ਭਾਵ ਹੈ ? 2

(ਹ) ਸੁਏਜ਼ ਨਹਿਰ ਕਿਹੜੇ ਦੋ ਸਾਗਰਾਂ ਨੂੰ ਆਪਸ ਵਿਚ ਮਿਲਾਉਂਦੀ ਹੈ ? 2

(ਕ) ਸਥਾਨਅੰਤਰੀ ਖੇਤੀ ਤੋਂ ਕੀ ਭਾਵ ਹੈ ? 2

(ਖ) ਨਿਰਮਾਣ ਉਦਯੋਗ ਕਿੰਨੀ ਕਿਸਮ ਦੇ ਹੁੰਦੇ ਹਨ ? 2

(ਗ) ਕੁਦਰਤੀ ਉੱਨ ਦੇ ਸੋਮੇ ਕਿਹੜੇ-ਕਿਹੜੇ ਹਨ ? 2

3. ਹੇਠ ਲਿਖਿਆਂ ਵਿੱਚੋਂ ਕੋਈ ਪੰਜ ਭਾਗ ਕਰੋ :

(ੳ) ਕਪਾਹ ਕਿੰਨੇ ਕਿਸਮ ਦੀ ਹੁੰਦੀ ਹੈ ? ਲਿਖੋ । 4

(ਅ) ਨੁਕੀਲੇ ਪੱਤਿਆਂ ਵਾਲੇ ਜੰਗਲਾਂ ਤੋਂ ਕੀ ਭਾਵ ਹੈ ? 4

(ੲ) ਤਾਂਬੇ ਦਾ ਕੀ ਮਹੱਤਵ ਹੈ ? 4

(ਸ) ਜੀਵ ਤੇ ਨਿਰਜੀਵ ਸੋਮਿਆ ਵਿੱਚ ਉਦਾਹਰਣਾਂ ਸਹਿਤ ਅੰਤਰ ਸਪਸ਼ਟ ਕਰੋ । 4

(ਹ) ਨਿਜੀ ਖੇਤੀ ਤੇ ਸਹਿਕਾਰੀ ਖੇਤੀ ਵਿੱਚ ਅੰਤਰ ਸਪਸ਼ਟ ਕਰੋ । 4

(ਕ) ਪਨਾਮਾ ਨਹਿਰ ਦੇ ਗੁਣ ਤੇ ਦੋਸ਼ ਲਿਖੋ । 4

(ਖ) ਤੇਜ਼ੀ ਨਾਲ ਵਧਦੀ ਵਸੋਂ, ਵਿਕਾਸ ਲਈ ਖਤਰੇ ਦੀ ਘੰਟੀ ਕਿਵੇਂ ਬਣਦੀ ਹੈ ? 4

(ਗ) ਖੇਤੀਬਾੜੀ ਅਧਾਰਤ ਉਦਯੋਗਾਂ 'ਤੇ ਨੋਟ ਲਿਖੋ । 4



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



4. ਚਾਵਲ ਦੀ ਖੇਤੀ ਲਈ ਲੋੜੀਂਦੀਆਂ ਭੂਗੋਲਿਕ ਹਾਲਤਾਂ ਲਿਖੋ ਤੇ ਸੰਸਾਰ ਦੇ ਚੌਲ ਉਤਪਾਦਕ ਦੇਸ਼ਾਂ ਦਾ ਵਰਨਣ ਕਰੋ । 6

ਜਾਂ

ਸੰਸਾਰ ਵਿੱਚ ਖੰਡ ਉਦਯੋਗ ਦੇ ਉਤਪਾਦਨ ਤੇ ਵੰਡ ਦਾ ਵਰਨਣ ਕਰੋ । 6

5. ਸੰਸਾਰ ਵਿੱਚ ਵਸੋਂ ਦੀ ਘਣਤਾ ਤੇ ਵੰਡ ਉੱਤੇ ਅਸਰਪਾਊ ਕਾਰਕਾਂ ਦਾ ਵਰਨਣ ਕਰੋ । 6

ਜਾਂ

ਕੋਲੇ ਦੀਆਂ ਮੁੱਖ ਕਿਸਮਾਂ ਲਿਖੋ ਤੇ ਸੰਸਾਰ ਵਿੱਚ ਕੋਲਾ ਉਤਪਾਦਨ ਤੇ ਵੰਡ ਦਾ ਵਰਨਣ ਕਰੋ । 6

6. ਆਰਥਿਕ ਭੂਗੋਲ ਦਾ ਮਹੱਤਵ ਵਿਸਥਾਰ ਸਹਿਤ ਲਿਖੋ । 6

ਜਾਂ

ਖੇਤੀਬਾੜੀ ਦੇ ਵੱਖੋ-ਵੱਖ ਢੰਗਾਂ ਦੇ ਨਾਂ ਦੱਸੋ ਤੇ ਕਿਸੇ ਦੋ ਢੰਗਾਂ ਦੀ ਵਿਆਖਿਆ ਕਰੋ । 6

7. ਭਾਰਤ ਦੇ ਖਾਕੇ ਵਿੱਚ ਭਰੋ : 4

(i) ਮੁੰਬਈ

(ii) ਬ੍ਰਹਮਪੁੱਤਰ

(iii) ਕੋਲਾਰ ਖਾਣ

(iv) ਕੋਈ ਕੌਫ਼ੀ ਉਤਪਾਦਕ ਖੇਤਰ ।

8. ਸੰਸਾਰ ਦੇ ਖਾਕੇ ਵਿੱਚ ਭਰੋ : 4

(i) ਗਰੀਨਲੈਂਡ

(ii) ਗੋਬੀ ਮਾਰੂਥਲ

(iii) ਟੈਗਾ ਜੰਗਲ ਦਾ ਸਥਾਨ

(iv) ਅਸਟਰੇਲੀਆ ਦੇ ਇੱਕ ਕਣਕ ਉਤਪਾਦਕ ਖੇਤਰ ।

ਨੋਟ : ਨੇਤਰਹੀਣ ਪਰੀਖਿਆਰਥੀਆਂ ਲਈ, ਪ੍ਰਸ਼ਨ 7 ਤੇ 8 ਦੇ ਬਦਲਵੇਂ ਪ੍ਰਸ਼ਨ

7. ਕੇਵਲ ਨਾਂ ਲਿਖੋ (ਭਾਰਤ) : 4

(i) ਕਾਲੀ ਮਿੱਟੀ ਦਾ ਇੱਕ ਖੇਤਰ

(ii) ਪੰਜਾਬ ਤੇ ਹਰਿਆਣਾ ਦੀਆਂ ਰਾਜਧਾਨੀਆਂ

(iii) ਕਿਸੇ ਤੇਲ ਸੋਧਕ ਕਾਰਖਾਨੇ ਦਾ ਸਥਾਨ

(iv) ਸੰਘਣੀ ਵਸੋਂ ਵਾਲੇ ਖੇਤਰ ਦਾ ਨਾਂ

8. ਕੇਵਲ ਨਾਂ ਲਿਖੋ (ਸੰਸਾਰ) : 4

(i) ਅਫ਼ਰੀਕਾ ਦਾ ਸਭ ਤੋਂ ਵੱਡਾ ਮਾਰੂਥਲ

(ii) ਸੰਸਾਰ ਦਾ ਕੋਈ ਪ੍ਰਮੁੱਖ ਹਵਾਈ ਮਾਰਗ

(iii) ਅੰਧ ਮਹਾਂਸਾਗਰੀ ਮੁੱਖ ਮੱਛੀ ਉਤਪਾਦਕ ਖੇਤਰ

(iv) ਕੈਨੇਡਾ ਤੇ ਚੀਨ ਦੀਆਂ ਰਾਜਧਾਨੀਆਂ ।



www.a2zpapers.com www.a2zpapers.com
Download free old Question papers gndu, ptu hp board, punjab board